**International Journal of Research in Social Sciences**
Vol. 8 Issue 4, April 2018,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# ਜਪੁਜੀ ਬਾਣੀ ਦੇ ਨੈਤਿਕ ਸਰੋਕਾਰ

**ਡਾ. ਹਰਬੰਸ ਸਿੰਘ, ਐਸੋਸਿਏਟ ਪ੍ਰੋਫੈਸਰ**
ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਯੂਨੀਵਰਸਿਟੀ
ਮੋਬਾਇਲ : 9990963211

ਧਰਮ ਦੀ ਪਰਖ ਉਸਦੇ ਦ੍ਰਿਸ਼ਾਏ ਸੱਚ ਤੇ ਉਸਦੇ ਆਧਾਰਿਤ ਆਚਾਰ-ਵਿਵਹਾਰ ਤੋਂ ਹੁੰਦੀ ਹੈ। ਆਚਾਰ ਦਾ ਭਾਵ ਵਿਅਕਤੀ ਦੀ ਰਹਿਣੀ-ਬਹਿਣੀ, ਮਾਨਸਿਕ ਰੁਚੀਆਂ ਤੇ ਨੈਤਿਕ ਕਦਰਾਂ-ਕੀਮਤਾਂ ਜੋ ਉਸਨੂੰ ਦੂਸਰਿਆਂ ਤੋਂ ਵਿਲੱਖਣ ਨਿਰਧਾਰਿਤ ਕਰਦੀ ਹੈ। ਹਰ ਵਿਅਕਤੀ ਦਾ ਆਚਾਰ-ਵਿਵਹਾਰ ਇਕ ਦਰਪਣ ਹੈ ਜਿਸ ਵਿਚੋਂ ਉਸਦਾ ਆਪਾ ਪ੍ਰਗਟ ਹੁੰਦਾ ਹੈ। ਇਹ ਆਚਾਰ ਝੂਠ ਤੇ ਸੱਚ ਆਧਾਰਿਤ ਹੁੰਦਾ ਹੈ। ਝੂਠਾ ਆਚਾਰ ਨਿੰਦਕ ਵਿਵਹਾਰ ਵਾਲਾ ਹੁੰਦਾ ਹੈ। ਜਿਸ ਕਰਕੇ ਆਚਰਣ ਦਾਗ਼ੀ ਹੋ ਜਾਂਦਾ ਹੈ।

ਨਿੰਦਕ ਕਾ ਝੂਠਾ ਬਿਉਹਾਰੁ ॥
ਨਿੰਦਕ ਦਾ ਮੈਲਾ ਆਚਾਰੁ ॥
(ਗੁਰੂ ਗ੍ਰੰਥ ਸਾਹਿਬ, ਅੰਗ-1151)[1]

ਆਚਾਰ ਪੂਰੀ ਤਰ੍ਹਾਂ ਸਾਧੇ ਹੋਏ ਨੈਤਿਕ ਜੀਵਨ-ਜਾਚ ਦਾ ਨਾਮ ਹੈ। ਰੀਸ ਕੇਵਲ ਉਨ੍ਹਾਂ ਦੀ ਕਰਨੀ ਚਾਹੀਦੀ ਹੈ ਜਿਨ੍ਹਾਂ ਵਿਚ ਨੈਤਿਕ ਗੁਣ ਹੋਣ।

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।
(ਗੁਰੂ ਗ੍ਰੰਥ ਸਾਹਿਬ,ਅੰਗ-765)[2]

ਨੈਤਿਕਤਾ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਇਹ ਚੰਗੇ ਤੇ ਬੁਰੇ, ਸਹੀ ਤੇ ਗਲਤ, ਤਿਆਗਣ ਤੇ ਗ੍ਰਹਿਣ ਯੋਗ ਗੁਣਾਂ ਦੀ ਪਰਖ ਕਰਕੇ ਗੁਣਾਂ ਦੀ ਸਾਂਝ ਨਾਲ ਸਬੰਧਤ ਹੋਣ ਦਾ ਨਾਂ ਹੈ।

ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਜਨਮ ਸਾਖੀਆਂ, ਭਾਈ ਗੁਰਦਾਸ ਦੀਆਂ ਵਾਰਾਂ, ਗੁਰਬਿਲਾਸ (ਭਾਈ ਸੁੱਖਾ ਸਿੰਘ ਕ੍ਰਿਤ), ਗੁਰਪ੍ਰਤਾਪ ਸੂਰਜ ਗ੍ਰੰਥ (ਭਾਈ ਸੰਤੋਖ ਸਿੰਘ ਰਚਿਤ), ਗੁਰਸੋਭਾ (ਰਚਿਤ ਭਾਈ ਸੈਨਾਪਤਿ), ਤੇ ਸਿੱਖ ਰਹਿਤ ਮਰਿਆਦਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ) ਆਦਿ ਇਹ ਸਾਰੀਆਂ ਰਚਨਾਵਾਂ ਸਿੱਖ ਨੈਤਿਕਤਾ ਦੀ ਅਗਵਾਈ ਲਈ ਮੁੱਖ ਸਰੋਤ ਵਜੋਂ ਪ੍ਰਮਾਣਿਤ ਹਨ। ਇਨ੍ਹਾਂ ਸਾਰੀਆਂ ਰਚਨਾਵਾਂ ਦਾ ਮੂਲ ਸਰੋਤ ਗੁਰੂ ਗ੍ਰੰਥ ਸਾਹਿਬ ਹੀ ਹੈ।

ਅਜੇ ਤਕ ਸਿੱਖ ਨੈਤਿਕਤਾ ਬਾਰੇ ਖੋਜ ਕਾਰਜ ਤਸੱਲੀਬਖ਼ਸ਼ ਨਹੀਂ ਹੋਇਆ। ਵਿਦਵਾਨ ਆਪੋ-ਆਪਣੀ ਸਮਰਥਾ ਅਨੁਸਾਰ ਨੈਤਿਕਤਾ ਦੀ ਖੋਜ ਵਲ ਰੁਚਿਤ ਹਨ।

ਸੰਸਾਰ ਵਿਚ ਚੌਰਾਸੀ ਲੱਖ ਜੂਨਾਂ ਹਨ। ਇਨ੍ਹਾਂ ਦੀ ਜੀਵਨ-ਜੁਗਤ ਆਪੋ-ਆਪਣੀ ਹੈ ਪਰ ਇਨ੍ਹਾਂ ਵਿਚ ਮਨੁੱਖੀ ਜੂਨ ਨੂੰ ਸਰਦਾਰੀ ਪ੍ਰਾਪਤ ਹੈ। ਮਨੁੱਖ ਦੋ ਤਰ੍ਹਾਂ ਦੀਆਂ ਜੀਵਨ-ਜੁਗਤ ਜੀਅ ਰਿਹਾ ਹੈ ਇਕ ਸੰਸਾਰਕ ਦੂਜਾ ਅਧਿਆਤਮਕ। ਅਧਿਆਤਮਕ ਜੀਵਨ ਜੀਉਣ ਵਾਲੇ ਵਿਰਲੇ ਹੀ ਹਨ। ਸੰਸਾਰਕ ਜੀਵਨ ਜੁਗਤ ਜੀਉਣ ਲਈ ਵੀ ਨੈਤਿਕ ਗੁਣਾਂ ਦੀ ਜ਼ਰੂਰਤ ਹੈ ਪਰ ਕਈ ਵਾਰ ਜੀਵਨ ਇੱਛਾਵਾਂ, ਤ੍ਰਿਸ਼ਨਾਵਾਂ, ਕਾਮਨਾਵਾਂ ਦੇ ਪਿੱਛੇ ਲੱਗ ਕੇ ਅਨੈਤਿਕਤਾ ਦੇ ਰਾਹ ਟੁਰ ਪੈਂਦਾ ਹੈ। ਇਉਂ ਜ਼ਿੰਦਗੀ ਵਿਅਰਥ ਬਿਤਾ ਦੇਣੀ ਮਨੁੱਖੀ ਜੀਵਨ ਦੀ ਮਹਾਨ ਤ੍ਰਾਸਦੀ ਹੈ। ਗੁਰਮਤਿ ਮਨੁੱਖ ਨੂੰ ਇਸ ਪਾਸੇ ਜਾਣ ਲਈ ਸਾਵਧਾਨ ਕਰਦੀ ਹੈ ਅਤੇ ਅਧਿਆਤਮਕ ਜੀਵਨ ਜੀਉਣ ਲਈ ਪ੍ਰੇਰਨਾ ਦਿੰਦੀ ਹੈ। ਇਹੋ ਜਿਹੀ ਜੀਵਨ-ਜਾਚ ਸਚਿਆਰ ਹੋ ਕੇ ਜੀਵੀ ਜਾਂਦੀ ਹੈ। ਸਚਿਆਰ ਜੀਵਨ ਹੀ ਮਨੁੱਖ ਨੂੰ ਆਤਮ-ਸੰਜਮ ਦਿੰਦਾ ਹੈ। ਇੱਥੇ ਪਹੁੰਚਕੇ ਅੰਦਰੋਂ ਖਲਬਲੀ, ਭੱਜ-ਨੱਠ ਦੀ ਥਾਂ ਸਬਰ, ਸੰਤੋਖ, ਵਿਸਾਹ, ਭਰੋਸਾ, ਨਿਰਭਰਤਾ ਜਿਹੇ ਗੁਣ ਪ੍ਰਵੇਸ਼ ਕਰਨ ਲੱਗ ਜਾਂਦੇ ਹਨ। ਇੰਜੇ ਸੱਚੇ ਆਚਾਰਣ ਨੂੰ ਗੁਰਮਤਿ ਵਿਚ ਸੱਚ ਤੋਂ ਉਪਰ ਸਥਾਨ ਦਿੱਤਾ ਹੈ।

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥
(ਗੁਰੂ ਗ੍ਰੰਥ ਸਾਹਿਬ, ਅੰਗ-62)[3]

ਸੱਚ ਜੀਵਿਆ ਜਾਣਾ ਚਾਹੀਦਾ ਹੈ। ਇਹ ਆਚਾਰ ਵਿਚ ਢਲਕੇ ਹੀ ਮਨੁੱਖ ਸਰਬੋਤਮ ਬਣਦਾ ਹੈ। ਆਚਾਰ ਤਕ ਪਹੁੰਚਣ ਲਈ ਨੈਤਿਕ ਗੁਣਾਂ ਨੂੰ ਧਾਰਨਾ ਪੈਂਦਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਪ੍ਰਸ਼ਨ ਕਰਦੇ ਹਨ,।

ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ॥
(ਗਰੂ ਗ੍ਰੰਥ ਸਾਹਿਬ ਜਪੁ, ਅੰਗ-1)[4]

ਕਿਉਂਕਿ ਮਨੁੱਖ ਹੋਂਦ ਬਹੁ-ਪਰਤੀ ਹੈ।

ਪਹਿਲੀ ਪਰਤ ਮਨੁੱਖੀ ਸਰੀਰ, ਦੇਹ ਹੈ। ਮਨੁੱਖ ਭਰਮ-ਗ੍ਰਹਿਤ ਹੋ ਕੇ ਇਸ ਨੂੰ ਆਪਣਾ ਸਮਝਦਾ ਹੈ ਉਸ ਉਪਰ ਅਭਿਮਾਨ ਕਰਦਾ ਹੈ।

ਪ੍ਰਾਣੀ ਜਾਣੈ ਇਹੁ ਤਨੁ ਮੇਰਾ॥
(ਗੁਰੂ ਗ੍ਰੰਥ ਸਾਹਿਬ, ਅੰਗ-180)[5]
ਕਾਚੀ ਦੇਹ ਮਾਨੁਖ ਅਭਿਮਾਨੀ॥
(ਗੁਰੂ ਗ੍ਰੰਥ ਸਾਹਿਬ, ਅੰਗ-741)[6]

ਦੂਜੀ ਪਰਤ ਮਨੁੱਖੀ-ਪ੍ਰਾਣ ਹਨ। ਉਹ ਉਨ੍ਹਾਂ ਨੂੰ ਬਣਾਉਣ ਲਈ ਮਾਇਆ-ਮੋਹ ਵਿਚ ਫਸ ਜਾਂਦਾ ਹੈ। ਤੀਜੀ ਪਰਤ ਮਨ ਦੀ ਹੈ, ਜੋ ਪ੍ਰਾਣੀ ਲਈ ਸੰਕਲਪਾਂ-ਵਿਕਲਪਾਂ ਦੀ ਸਿਰਜਣਾ ਕਰਦਾ ਹੈ, ਇਨ੍ਹਾਂ ਦੀ ਉਲਝਣ ਵਿਚ ਉਲਝਿਆ ਮਨੁੱਖ ਇਨ੍ਹਾਂ ਨੂੰ ਆਪਾ ਮਨ ਬੈਠਣਾ ਹੈ। ਆਪਣੇ, ਵਿਚਾਰਾਂ, ਆਪਣੀਆਂ ਸੋਚਾਂ, ਆਪਣੇ ਭਾਵਾਂ

ਅਨੁਸਾਰ ਚਲਦਾ ਹੈ ਪਰ ਇਸ ਮਨ ਨੂੰ ਟਿੱਕ ਕੇ ਬੈਠਣ ਹੀ ਨਹੀਂ ਦਿੰਦੇ। ਇਹ ਮਾਇਆ ਦਾ ਕੀੜਾ ਬਣ ਜਾਂਦਾ ਹੈ।

ਇਹੁ ਮਨੁ ਚੰਚਲੁ ਵਸਿ ਨ ਆਵੈ॥
ਦੁਬਿਧਾ ਲਾਗੈ ਦਹ ਦਿਸਿ ਧਾਵੈ॥
(ਗੁਰੂ ਗ੍ਰੰਥ ਸਾਹਿਬ, ਅੰਗ-127)[7]

ਚੌਥੀ ਪਰਤ ਗਿਆਨ ਵਿਗਿਆਨ ਦੀ ਹੈ। ਇੱਥੇ ਮਨੁੱਖ ਤਰਕ ਤੇ ਦਰਸ਼ਨ 'ਤੇ ਨਿਰਭਰ ਕਰਦਾ ਹੈ। ਉਸਨੂੰ ਇਹ ਨਹੀਂ ਪਤਾ ਲਗਦਾ ਕਿ ਦਰਸ਼ਨ ਤੇ ਤਰਕ ਸੰਸਾਰਕ ਗਿਆਨ ਤਾਂ ਦੇ ਸਕਦੇ ਹਨ ਪਰ ਤੱਤ ਗਿਆਨ ਨਹੀਂ ਦੇ ਸਕਦੇ। ਤੱਤ ਗਿਆਨ ਹੀ ਸਾਰੇ ਤੱਦਾਂ ਦਾ ਸਾਰ ਹੈ।

ਸਗਲ ਤਤ ਮਹਿ ਤਤੁ ਗਿਆਨੁ॥
(ਗੁਰੂ ਗ੍ਰੰਥ ਸਾਹਿਬ, ਅੰਗ-1182)[8]

ਇਨ੍ਹਾਂ ਪਰਤਾਂ ਵਿਚ ਘਿਰਿਆ ਮਨੁੱਖ ਆਪਣੇ ਮੂਲ ਤੋਂ ਬੇ-ਖ਼ਬਰ ਰਹਿੰਦਾ ਹੈ ਪਰ ਮਨੁੱਖ ਨੂੰ ਆਪਣੇ ਜੀਵਨ ਵਿਚ ਅੰਦਰ ਬੈਠੀ ਆਤਮਾ ਤੋਂ ਜਾਣੂ ਹੋਣਾ ਹੁੰਦਾ ਹੈ। ਜਦੋਂ ਉਹ ਆਤਮਾ ਦੀ ਆਵਾਜ਼ ਸੁਣ ਲੈਂਦਾ ਹੈ ਤਾਂ ਉਹ ਹਰ ਪ੍ਰਕਾਰ ਦੀ ਦੁਬਿਧਾ ਤੋਂ ਉਪਰ ਉੱਠ ਜਾਂਦਾ ਹੈ।

ਆਤਮਾ ਪਰਾਤਮਾ ਏਕੋ ਕਰੈ॥
ਅੰਤਰ ਕੀ ਦੁਬਿਧਾ ਅੰਤਰਿ ਮਰੈ॥
(ਗੁਰੂ ਗ੍ਰੰਥ ਸਾਹਿਬ, ਅੰਗ-661)[9]

ਮਨੁੱਖੀ ਜੀਵਨ ਦੀ ਵਿਉਂਤ ਵਿਧੀ ਨੂੰ ਸਮਝਣ ਲਈ ਜਪੁ ਜੀ ਸਾਹਿਬ ਵਿਚ ਮੂਲ ਮੰਤਰ ਦੇ ਅੰਤਰਗਤ '੧ਓ ਤੋਂ ਲੈ ਕੇ ਗੁਰਪ੍ਰਸਾਦਿ' ਤੱਕ ਗੁਰੂ ਸਾਹਿਬ ਨੇ ਅਧਿਆਤਮਕਤਾ ਨੂੰ ਸਰਲ ਤੇ ਸ਼ੁੱਧਤਾ ਸਹਿਤ ਪੇਸ਼ ਕੀਤਾ। ਸੱਚ ਤੇ ਕਾਲ ਭਾਵ ਕੂੜ ਆਪਸੀ ਸਬੰਧ ਪੇਸ਼ ਕਰਦੇ ਹਨ। ਸੱਚ ਉਹ ਹਸਤੀ ਹੈ ਜੋ ਸਦੈਵ ਕਾਇਮ ਹੈ ਇਸ ਦੀ ਸਦੀਵਤਾ ਨੂੰ ਸਮਝਣ ਲਈ ਇਸ ਦੇ ਨਾਲ 'ਆਦਿ' 'ਜੁਗਾਦਿ' 'ਹੈ ਭੀ' ਤੇ 'ਹੋਸੀ ਭੀ' ਪਦ ਲਗਾਏ ਹਨ। ਜਿਸ ਦਾ ਅਰਥ ਕਾਲ ਦੇ ਨਿਰੰਤਰ ਬਦਲਦੇ ਪ੍ਰਸੰਗਾਂ ਵਿਚ ਵੀ ਸੱਚ ਕਾਇਮ ਰਹਿੰਦਾ ਹੈ। ਸੱਚ ਕਾਲ ਤੋਂ ਬਾਹਰ ਹੈ ਗੁਰੂ ਨਾਨਕ ਦੇਵ ਜੀ ਇਸ ਸੱਚ ਤਕ ਪਹੁੰਚ ਵਿਧੀਆਂ ਪੇਸ਼ ਕਰਦੇ ਹਨ। ਪਰ ਇਨ੍ਹਾਂ ਵਿਧੀਆਂ ਨੂੰ ਅਪਨਾਉਣ ਲਈ 'ਕੂੜ' ਦੀ ਸਮੱਸਿਆ ਅੱਗੇ ਖੜ੍ਹੀ ਹੈ। ਸਚਿਆਰ ਤਕ ਪਹੁੰਚਣ ਤੋਂ ਪਹਿਲਾਂ ਮਨੁੱਖ ਨੂੰ 'ਹਉ' ਤੇ ਹੁਕਮ ਦੀ ਦੁਬਿਧਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੁਬਿਧਾ ਤੋਂ ਨਿਕਲਣ ਦੀ ਵਿਧੀ ਰੂਪਾਂਤ੍ਰਣ ਪ੍ਰਕਿਰਿਆ ਨਾਲ ਸਬੰਧਤ ਹੈ। ਕਿਉਂਕਿ ਮਨੁੱਖ ਜੈਵਿਕ-ਜੀਵਨ (ਭਾਵ ਕੂੜ ਦੀ ਪਾਲਿ) ਵਿਚ ਵਿਚਰਨ ਕਰਕੇ ਅਨੈਤਿਕ ਅਵਗੁਣਾਂ ਨੂੰ ਗ੍ਰਹਿਣ ਕਰਨ ਵਲ ਰੁਚਿਤ ਹੁੰਦਾ ਹੈ ਇਹ ਸਭ ਮਾਇਕ ਪ੍ਰਪੰਚ ਹੈ, ਕਰਮ ਕਾਂਡ ਹਨ। ਗੁਰਬਾਣੀ ਇਨ੍ਹਾਂ ਨਾਲੋਂ ਅੰਦਰਲੀ ਮਾਨਸਿਕਤਾ ਨੂੰ ਵਿਗਾਸ ਦੇਣ ਲਈ ਵਧੇਰੇ ਤਤਪਰ ਹੈ।

**International Journal of Research in Social Sciences**
Vol. 8 Issue 4, April 2018,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਸੁਣਿਆ ਮੰਨਿਆ ਮਨਿ ਕੀਤਾ ਭਾਉ
ਅੰਤਰਗਤਿ ਤੀਰਥਿ ਮਲਿ ਨਾਉ॥
(ਗੁਰੂ ਗ੍ਰੰਥ ਸਾਹਿਬ, ਜਪੁ)[10]

ਮਨੁੱਖੀ ਆਤਮਾ ਪਰਮਾਤਮਾ ਦਾ ਅੰਸ਼ ਹੈ। ਇਸ ਨੇ ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਹੀ ਨਹੀਂ ਪ੍ਰਾਪਤ ਕਰਨਾ ਸਗੋਂ ਆਪਣੀ ਸਦੀਵੀ ਹੋਂਦ ਵੀ ਪ੍ਰਾਪਤ ਕਰਨੀ ਹੁੰਦੀ ਹੈ। ਭਾਵ ਸੱਚ ਵਿਚ ਅਭੇਦ ਹੋਣਾ ਹੁੰਦਾ ਹੈ। ਸੱਚ ਨੂੰ ਪ੍ਰਾਪਤ ਕਰਨ ਲਈ ਉਸ ਰਾਹ ਤੇ ਚਲਣ ਲਈ ਸਚਿਆਰ ਹੋਣ ਦੀ ਜ਼ਰੂਰਤ ਹੁੰਦੀ ਹੈ। ਮਨੁੱਖ ਆਪਣੀਆਂ ਮਾਨਸਿਕ ਤੇ ਅਧਿਆਤਮਕ ਸ਼ਕਤੀਆਂ ਨੂੰ ਗੁਰ ਪ੍ਰਸਾਦਿ ਰਾਹੀਂ ਕੇਂਦਰਿਤ ਕਰਕੇ ਕਦਮ-ਦਰ-ਕਦਮ ਅੱਗੇ ਵਿਗਾਸ ਕਰਦਾ ਜਾਂਦਾ ਹੈ। ਇਸ ਪ੍ਰਕਿਰਿਆ ਲਈ ਗੁਰੂ ਨਾਨਕ ਦੇਵ ਮਨੁੱਖਤਾ ਦਾ ਨੈਤਿਕ ਉਥਾਨ ਕਰਨ ਲਈ ਪਾਪ-ਦਇਆ ਦੇ ਜੁੱਟ ਦੀ ਸਿਰਜਨਾ ਕਰਦੇ ਹਨ। ਪਾਪ ਦੈਵੀ ਹੁਕਮ ਜਾਂ ਨੈਤਿਕ ਅਸੂਲਾਂ ਦੀ ਉਲੰਘਣਾ ਦਾ ਨਾਮ ਹੈ। ਇਸਦੀ ਸੂਚੀ ਅਠਾਰ੍ਹਵੀਂ ਪਉੜੀ ਵਿਚ ਚੋਰ, ਹਰਾਮਖੋਰ, ਜੋਰਾਵਰ ਹਤਿਆਰੇ, ਕੂੜਿਆਰ, ਮਲੇਛ, ਨਿੰਦਕ ਆਦਿ ਦਿੱਤੀ ਗਈ ਹੈ। ਇਹ ਸਭ ਅਨੈਤਿਕ ਕਾਰਜ ਕਰਦੇ ਹਨ। ਮਨ ਪਾਪਾਂ ਨਾਲ ਭਰਿਆ ਰਹਿੰਦਾ ਹੈ।ਇਨ੍ਹਾਂ ਦੀ ਗਿਣਤੀ ਅਸੰਖਾਂ ਵਿਚ ਹੈ।

ਭਰੀਐ ਮਤਿ ਪਾਪਾ ਕੈ ਸੰਗਿ॥
(ਗੁਰੂ ਗ੍ਰੰਥ ਸਾਹਿਬ ਜਪੁ, ਅੰਗ-4)[11]

ਇਉਂ ਪਾਪ ਬੁਨਿਆਦੀ ਤੌਰ 'ਤੇ ਕਰਮ ਦੀ ਵਰਜਿਤ ਉਲੰਘਣਾ ਹੈ। ਵਰਜਿਤ ਪਾਪ ਅਨੈਤਿਕ ਕਰਮ ਵੀ ਨੈਤਿਕਤਾ ਵਿਚ ਰੂਪਾਂਤਰਣ ਹੋ ਕੇ ਜਦੋਂ ਮਨ ਨੂੰ ਨਾਮ ਰੂਪੀ ਸ਼ਬਦ ਨਾਲ ਧੋ ਲੈਂਦੇ ਹਨ।

ਗੁਰੂ ਨਾਨਕ ਦੇਵ ਜੀ ਜੀਵ-ਆਤਮਾ ਨੂੰ ਗਾਵੀਐ, ਸੁਣੀਐ, ਮਨ ਰਖਿਐ ਭਾਉ ਦੀ ਪ੍ਰਕਿਰਿਆ ਰਾਹੀਂ ਅੱਗੇ ਲੰਘਾਂਦੇ ਹਨ। ਬੋਲ ਵਿਗਾੜ ਵਾਲੇ ਨਹੀਂ ਹੋਣੇ ਚਾਹੀਦੇ ਸਗੋਂ ਉੱਚੇ ਗੰਭੀਰਤਾ ਵਾਲੇ ਹੋਣੇ ਚਾਹੀਦੇ ਹਨ। ਨਹੀਂ ਤਾਂ-

ਜੇ ਕੋ ਆਖੈ ਬੋਲਵਿਗਾੜੁ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥
(ਗੁਰੂ ਗ੍ਰੰਥ ਸਾਹਿਬ ਜਪੁ, ਅੰਗ-6)[12]

ਸੁਣਨ ਦੀ ਪ੍ਰਕਿਰਿਆ ਸਹਿਜ ਸੰਤੋਖਵਾਨ ਅਭਿਆਸ ਰਾਹੀਂ ਸਿਖਣੀ ਪੈਂਦੀ ਹੈ।

ਸੁਣਿਐ ਲਾਗੈ ਸਹਿਜ ਧਿਆਨੁ॥
(ਗੁਰੂ ਗ੍ਰੰਥ ਸਾਹਿਬ ਜਪੁ, ਅੰਗ-3)[13]

ਇਉਂ ਸੁਣਨ ਵਾਲਾ ਇਕ ਪਾਸੇ ਜੋਗ ਜੁਗਤਿ (ਪਰਮਾਤਮਾ ਨਾਲ ਜੁੜਨ ਦੀ ਵਿਧੀ) ਤੋਂ ਜਾਣੂ ਹੁੰਦਾ ਹੈ ਤੇ ਦੂਜੇ ਪਾਸੇ ਸਰੀਰ ਦੇ ਅੰਤਰਗਤ ਗੁੱਝੇ ਭੇਤਾਂ ਤੋਂ ਜਾਣੂ ਹੋ ਜਾਂਦਾ ਹੈ।

ਸੁਣਿਐ ਜੋਗ ਜੁਗਤਿ ਤਨਿ ਭੇਦ॥

(ਗੁਰੂ ਗ੍ਰੰਥ ਸਾਹਿਬ ਜਪੁ, ਅੰਗ-2)[14]

ਐਸਾ ਅਨਹਦ ਨਾਦ ਸੁਣਨ ਵਾਲੇ ਦਾ ਮਨ ਸਦੀਵੀ ਖੇੜੇ ਵਿਚ ਰਹਿੰਦਾ ਹੈ।

ਨਾਨਕ ਭਗਤਾ ਸਦਾ ਵਿਗਾਸੁ॥

(ਗੁਰੂ ਗ੍ਰੰਥ ਸਾਹਿਬ ਜਪੁ, ਅੰਗ-2)[15]

ਜਦੋਂ ਮਨੁੱਖ ਸੁਣਨ ਪ੍ਰਕਿਰਿਆ ਤੋਂ ਬਾਅਦ ਮਨਨ ਦੀ ਪ੍ਰਕਿਰਿਆ ਅਪਣਾ ਲੈਂਦਾ ਹੈ ਉੱਥੇ ਹੀ ਅੰਤਰ ਆਤਮੇ ਦੀ ਸੋਝੀ ਪ੍ਰਾਪਤ ਕਰਦਾ ਹੈ। ਪਰਮਾਤਮਾ ਦਾ ਮਨਨ ਸਭ ਤੋਂ ਵੱਡਾ ਮੰਨਣ ਹੈ ਉਸ ਦਾ ਨਾਮ ਮੰਨਣ ਨਾਲ ਸੁਰਤਿ ਉਪਜੀ ਹੈ ਤੇ ਮਤਿ ਖਿੜਦੀ ਹੈ।

ਨਾਇ ਮੰਨਿਐ ਸੁਰਤਿ ਉਪਜੈ ਨਾਮੇ ਮਤਿ ਹੋਈ॥

(ਗੁਰੂ ਗ੍ਰੰਥ ਸਾਹਿਬ, ਅੰਗ-1242)[16]

ਜਿਸ ਨਾਲ ਸਾਰੇ ਮੰਡਲਾਂ ਦੀ, ਸਾਰੇ ਭਵਨਾਂ ਦੀ ਸੋਝੀ ਹੋ ਜਾਂਦੀ ਹੈ।

ਮੰਨੈ ਸਗਲ ਭਵਣ ਕੀ ਸੁਧਿ॥

(ਗੁਰੂ ਗ੍ਰੰਥ ਸਾਹਿਬ ਜਪੁ, ਅੰਗ-3)[17]

ਮਨੁੱਖ ਮਨ ਨੂੰ ਖੰਡਾਂ ਦੀ ਅਵਸਥਾ 'ਤੇ ਪਹੁੰਚਣ ਤੋਂ ਪਹਿਲਾਂ ਨੈਤਿਕ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਜਿਸ ਨਾਲ ਮਨ ਪੰਜ ਖੰਡਾਂ ਵਿਚ ਪਹੁੰਚ ਬਣਾ ਸਕੇ।

ਅਧਿਆਤਮਿਕਤਾ ਦੇ ਰਾਹ 'ਤੇ ਚੱਲਣ ਵਾਲਾ ਮਨੁੱਖ ਆਪਣੇ ਆਪ ਨੂੰ ਨੈਤਿਕ ਤੌਰ 'ਤੇ ਪੂਰੀ ਤਰ੍ਹਾਂ ਬਦਲ ਲੈਂਦਾ ਹੈ। ਇਸ ਅਵਸਥਾ ਵਿਚ ਸਾਧਕ ਤੋਂ ਆਸ ਕੀਤੀ ਜਾਂਦੀ ਹੈ ਕਿ ਸੱਚ ਪੂਰੀ ਤਰ੍ਹਾਂ ਸਵੀਕਾਰ ਕਰੇ, ਜਿਸ ਨਾਲ ਬੁਰੇ ਵਿਚਾਰ ਖ਼ਤਮ ਹੋ ਜਾਣ ਤੇ ਮਨ ਪਾਪਾਂ ਦੀ ਥਾਂ ਨਾਮ ਨਾਲ ਜੁੜ ਜਾਏ।

ਭਰੀਐ ਮਤਿ ਪਾਪਾ ਕੈ ਸੰਗਿ॥

ਓਹੁ ਧੋਪੈ ਨਾਵੈ ਕੈ ਰੰਗਿ ।।

(ਗੁਰੂ ਗ੍ਰੰਥ ਸਾਹਿਬ, ਜੁਪਜੀ)[18]

ਜਦੋਂ ਮਤਿ ਪਾਪਾਂ ਨਾਲ ਮਲੀਨ ਹੋ ਜਾਂਦੀ ਹੈ ਤਾਂ ਉਸਨੂੰ ਨਾਮ ਨਾਲ ਹੀ ਸ਼ੁੱਧ ਕੀਤਾ ਜਾ ਸਕਦਾ ਹੈ। ਇਹ ਵਿਗਾਸ ਦੀ ਪ੍ਰਕਿਰਿਆ ਹੈ ਕਿਉਂਕਿ ਮਨੁੱਖ ਆਪਣੀ 'ਹਉਂ' ਜੈਵਿਕਤਾ ਕਾਰਣ ਸੰਸਾਰ ਖਲਜਗਣ ਵਿਚ ਪੈ ਜਾਂਦਾ

**International Journal of Research in Social Sciences**
Vol. 8 Issue 4, April 2018,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਹੈ ਜਿੱਥੇ ਉਸਦੀ ਮਾਨਸਿਕਤਾ ਨਿਸ਼ਚੇ ਹੀ ਬਿਖਰ ਜਾਂਦੀ ਹੈ। ਇਸ ਬਿਖਰਾਓ ਸੰਜਮ ਵਿਚ ਨਾਮ ਰਾਹੀਂ ਲਿਆਂਦਾ ਜਾ ਸਕਦਾ ਹੈ। ਮਨੁੱਖ ਸਚਿਆਰ ਦੀ ਪ੍ਰਕਿਰਿਆ ਵਿਚ ਪੈ ਜਾਂਦਾ ਹੈ। ਇੱਥੇ ਗਿਆਨ ਸ਼ੁਰੂ ਹੋ ਜਾਂਦਾ ਹੈ ਹੁਣ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸੋਝੀ ਕਰਵਾਉਂਦੇ ਹਨ-

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
… … …

ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥
(ਗੁਰੂ ਗ੍ਰੰਥ ਸਾਹਿਬ ਜਪੁ,)[19]

ਗੁਰੂ ਨਾਨਕ ਦੇਵ ਜੀ ਇਸ ਪਾਉੜੀ ਵਿਚ ਸਮੁੱਚੀ ਪ੍ਰਕਿਰਤੀ ਦੇ ਅੰਤਰਗਤ ਮਾਨਵੀ ਜਗਤ ਨੂੰ ਰਚਿਆ ਗਿਆ ਤੇ ਇਸ ਦਾ ਨਿਖੜਵਾਂ ਰੂਪ ਵੀ ਨਿਸ਼ਚਿਤ ਕੀਤਾ ਗਿਆ। ਬ੍ਰਹਮੰਡ ਦੀ ਵਿਸ਼ਾਲ ਪ੍ਰਕਿਰਤੀ, ਪ੍ਰਾਕਿਰਤਿਕ ਨੇਮਾਂ ਉਪਰ ਆਧਾਰਿਤ ਹੈ, ਇਨ੍ਹਾਂ ਨੇਮਾਂ ਦੇ ਆਧਾਰ ਤੇ ਪ੍ਰਕਿਰਤੀ ਵਿਚ ਆਚਾਰ ਬਣਦੇ ਤੇ ਬਿਨਸਦੇ ਹਨ। ਇਹ ਨਿਰੰਤਰ ਚਾਲ ਆਪਣੇ ਆਪ ਬਿਨਾਂ ਕਿਸੇ ਸੰਜਗਤ ਤੇ ਸੰਗਠਨ ਤੇ ਬਿਨਸ ਜਾਂਦੀ ਹੈ, ਇਸ ਲਈ ਗਤੀ ਦੀ 'ਕਚ' (ਕੂੜ) ਪ੍ਰਕਿਰਿਆ ਹੈ। ਮਨੁੱਖੀ ਸਰੀਰ ਵੀ ਇਸ ਪ੍ਰਕਿਰਿਆ ਦਾ ਅੰਗ ਹੈ। ਇਕ ਸਮੇਂ ਇਸਨੇ ਵੀ ਬਿਨਸ ਜਾਣਾ ਹੈ। ਪਰ ਜਦੋਂ ਮਨੁੱਖ ਸੱਚ ਦੇ ਦਰਬਾਰ ਵਿਚ ਪਹੁੰਚ ਜਾਂਦਾ ਹੈ ਉਸਦੀ ਮਤਿ ਏਨੀ ਉੱਚੀ ਹੋ ਜਾਂਦੀ ਹੈ ਕਿ ਉਹ ਪ੍ਰਕਿਰਤੀ ਦੇ ਨੇਮਾਂ ਨੂੰ ਜਾਨਣ ਤੇ ਸਮਝਣ ਦਾ ਯਤਨ ਕਰਨ ਲੱਗ ਪੈਂਦਾ ਹੈ ਤੇ ਉਸ ਉਪਰ 'ਨਦਰਿ ਕਰਮ' ਦੀ ਕ੍ਰਿਪਾ ਹੋ ਜਾਂਦੀ ਹੈ। ਇਸ ਸਦਕਾ ਮਨੁੱਖ ਕੱਚ (ਝੂਠ) ਤੇ ਸੱਚ ਵਿਚ ਅੰਤਰ ਕਰ ਸਕਣ ਦੇ ਯੋਗ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਜਪੁ ਸਾਹਿਬ ਰਾਹੀਂ ਮਨੁੱਖ ਨੂੰ ਅਧਿਆਤਮਿਕਤਾ ਵਿਚ ਲੈ ਆਉਣ ਲਈ 'ਜਪੁਜੀ' ਵਿਚ ਪੰਜ ਖੰਡਾਂ ਦਾ ਵੇਰਵਾ ਦਿੰਦੇ ਹਨ। ਇਨ੍ਹਾਂ ਖੇਡਾਂ ਬਾਰੇ ਵੱਖ-ਵੱਖ ਵਿਦਵਾਨਾਂ ਨੇ ਆਪੋ ਆਪਣੀ ਸਮਝ-ਸਮਰੱਥਾ ਅਨੁਸਾਰ ਵਿਆਖਿਆ ਕਰਨ ਦਾ ਜਤਨ ਕੀਤਾ ਹੈ। ਇਸ ਵਿਸਥਾਰ ਵਿਚ ਨਾ ਜਾ ਕੇ ਮਨੁੱਖੀ ਅਧਿਆਤਮਕ ਮਾਨਸਿਕਤਾ ਦੇ ਵੱਖ-ਵੱਖ ਪੜਾਵਾਂ ਬਾਰੇ ਵਿਚਾਰ ਕਰਕੇ ਹੈ। ਇਸ ਨਾਲ ਸਚਿਆਰ ਪਦ ਦੀ ਪ੍ਰਾਪਤੀ ਦਾ ਗਿਆਨ ਮਿਲ ਸਕੇਗਾ। ਸਚਖੰਡ ਲਈ ਧਰਮ ਖੰਡ, ਗਿਆਨ ਖੰਡ, ਸਰਮ ਖੰਡ ਤੇ ਕਰਮ ਖੰਡ ਦੀ ਜ਼ਰੂਰਤ ਹੈ। ਇਸ ਲਈ ਇਹ ਅਧਿਆਤਮਿਕ ਯਾਤਰਾ ਹੈ।

ਗੁਰੂ ਨਾਨਕ ਦੇਵ ਜੀ ਪਹਿਲਾਂ ਧਰਮ ਖੰਡ ਬਾਰੇ ਸਮਝਾਉਂਦੇ ਹਨ। ਇਹ ਮਨੁੱਖ ਦੇ ਨੈਤਿਕ ਫਰਜ਼ ਦਾ ਖੰਡ ਹੈ। ਇਹ ਸਚਾਈ ਦਾ ਪੱਧਰ ਹੈ ਪਰਮਾਤਮਾ ਨੇ ਕਈ ਤਰ੍ਹਾਂ ਦੇ ਦਿਨ, ਰਾਤ, ਰੁੱਤ, ਤਰੀਕਾਂ, ਹਫ਼ਤੇ ਬਣਾਏ

ਹਨ। ਹਵਾ, ਪਾਣੀ, ਅੱਗ ਅਤੇ ਧਰਤੀ ਹੇਠ ਹੋਰ ਧਰਤੀਆਂ ਬਣਾਈਆਂ ਹਨ। ਸਮੇਂ ਸਥਾਨ ਨਾਲ ਜਿਸ ਧਰਤੀ ਉਪਰ ਮਨੁੱਖੀ ਨਿਵਾਸ ਹੈ ਉਸ ਦੀ ਸਥਾਪਨਾ ਹੋਈ ਜਿਸ ਵਿਚ ਵੰਨ-ਸੁਵੰਨੇ ਨਾਵਾਂ ਵਾਲੇ ਜੀਅ ਜੰਤ ਅਨੇਕ ਪ੍ਰਕਾਰ ਦੀ ਜੀਵਨ-ਜਾਚ ਨਾਲ ਰਹਿੰਦੇ ਹਨ, ਇਹ ਧਰਤੀ ਉਸ ਲਈ ਧਰਮਸਾਲ ਹੈ ਭਾਵ ਧਰਮ ਨਿਭਾਉਣ ਦੀ ਥਾਂ ਜੀਵਾਂ ਬਾਰੇ ਫੈਸਲਾ ਉਨ੍ਹਾਂ ਵੱਲੋਂ ਨਿਭਾਏ ਕਰਮਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ। ਇਹ ਧਰਮ ਖੰਡ ਦਾ ਵਿਧਾਨ ਹੈ। ਡਾ. ਵਜ਼ੀਰ ਸਿੰਘ ਅਨੁਸਾਰ-

"ਨੈਤਿਕ ਦ੍ਰਿਸ਼ਟੀ ਤੋਂ ਧਰਮ ਦਾ ਜੀਵਨ ਕਰੱਤਵ ਦੀ ਪਾਲਣਾ ਦਾ ਜੀਵਨ ਹੈ, ਸਦਾਚਾਰ ਦਾ ਜੀਵਨ ਹੈ, ਸਮਾਜ-ਸੇਵਾ ਦਾ ਜੀਵਨ ਹੈ। 'ਸੱਚੇ ਦਰਬਾਰ' ਦਾ ਬਿੰਬ ਧਰਮ-ਖੰਡ ਦੀ ਨੈਤਿਕ ਭਾਵਨਾ ਨੂੰ ਕਰਮਾਂ ਦੀ ਪਰਖ ਦੇ ਸੰਦਰਭ ਵਿਚ ਪੇਸ਼ ਕਰਦਿਆਂ ਅਧਿਆਤਮਕ ਪੱਧਰ ਉਪਰ ਲੈ ਜਾਂਦਾ ਹੈ। ਇਥੇ ਹੀ ਨੈਤਿਕਤਾ ਤੇ ਆਤਮਿਕ ਚੇਤਨਾ ਦਾ ਸੁਖਾਵਾਂ ਮੇਲ ਹੈ।"[20]

ਡਾ. ਜਗਬੀਰ ਸਿੰਘ ਅਨੁਸਾਰ-

"ਇਹ ਮਨੁੱਖ ਦੇ ਨੈਤਿਕ ਫਰਜ਼ ਦਾ ਖੰਡ ਹੈ। ਇੱਥੇ ਗੁਰੂ ਨਾਨਕ ਦੇਵ ਜੀ ਅਧਿਆਤਮਿਕ ਜੀਵਨ ਲਈ ਸਦਾਚਾਰ ਦੇ ਬੁਨਿਆਦੀ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦੇ ਹਨ। ਨੈਤਿਕਤਾ ਮਨੁੱਖ-ਮਨੁੱਖ ਵਿਚਕਾਰ ਮਨੁੱਖੀ ਰਿਸ਼ਤੇ ਨੂੰ ਇਕਸੁਰਤਾ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਸਮਾਜ ਵਿਚ ਵਿਚਰਦਿਆਂ, ਸਦਾਚਾਰਕ ਜੀਵਨ ਜੀਉਂਦਿਆਂ ਅਧਿਆਤਮਕ ਜੀਵਨ ਦਾ ਪਹਿਲਾ ਪੜਾਅ ਹੈ। ਜਿੱਥੇ ਉਹ ਆਪਣੇ ਫ਼ਰਜ਼ ਨੂੰ ਪਛਾਣਦਾ ਹੈ। ਮਨੁੱਖੀ ਫ਼ਰਜ਼ ਗੋਬਿੰਦ ਮਿਲਨ ਹੈ। ਇਉਂ ਅਗਲੇ ਖੰਡ ਵਿਚ ਪ੍ਰਵੇਸ਼ ਕਰ ਜਾਂਦਾ ਹੈ।"[21]

"ਜਪੁਜੀ ਸਾਹਿਬ ਬਾਣੀ ਵਿਚ ਪੰਜ ਖੰਡਾਂ ਦੀਆਂ ਪਉੜੀਆਂ ਸਿੱਖ ਧਰਮ ਦੇ ਉਦੇਸ਼ ਤੇ ਸਾਧਨ ਆਦਰ ਤੇ ਸਦਾਚਾਰ, ਪਰਮ ਸੱਚ ਤੇ ਆਤਮ-ਸਿਧੀ ਦੇ ਵਿਸ਼ਿਆਂ ਨੂੰ ਅਨੋਖੀ ਪੱਧਰ ਉੱਤੇ ਰੂਪਮਾਨ ਕਰਦੀਆਂ ਹਨ।"[22]

ਜਪੁਜੀ ਸਾਹਿਬ ਦੀ ਪਉੜੀ ਨੰਬਰ 34 ਤੋਂ 37 ਵਿਚ ਪੰਜ ਖੰਡਾਂ ਦਾ ਵਰਣਨ ਮਿਲਦਾ ਹੈ। ਇਹ ਖੰਡ ਲੜੀਵਾਰਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ ਕਰਦੇ ਜਾਣੇ ਜਾਂਦੇ ਹਨ।

ਡਾ. ਰਾਮ ਸਿੰਘ ਅਨੁਸਾਰ-

"ਪੰਜ ਖੰਡ ਪੰਜ ਭਾਗ ਹਨ ਉਸ ਮਾਨਸਿਕ ਵਿਕਾਸ ਦੇ, ਜਿਸ ਵਿਚੋਂ ਆਤਮਿਕ ਜਿਗਿਆਸੂ ਲੰਘਦਾ ਹੈ। ਪੰਜ ਖੰਡਾਂ ਵਿਚ ਸਾਧਕ ਦੇ ਅੰਦਰ ਆਉਣ ਵਾਲੇ ਪਰਿਵਰਤਨ ਦੇ ਵਿਸਥਾਰ ਹਨ।"[23]

ਡਾ. ਅਵਤਾਰ ਸਿੰਘ ਅਨੁਸਾਰ-

"ਅਸਲ ਵਿਚ ਇਹ ਮੰਜ਼ਿਲਾਂ ਸਰੀਰਕ, ਮਾਨਸਿਕ ਅਤੇ ਅਧਿਆਤਮਕ ਪਰਪੱਕਤਾ ਹਾਸਿਲ ਕਰਨ ਦਾ ਰਾਹ ਹਨ।"[24]

International Journal of Research in Social Sciences
Vol. 8 Issue 4, April 2018,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

## 1. ਧਰਮ-ਖੰਡ

ਧਰਮ ਖੰਡ ਵਿਚ ਧਰਮ ਪਾਲਨ ਦਾ ਫ਼ਰਜ਼ ਹੁੰਦਾ ਹੈ। ਇਸ ਲਈ ਆਪਣੇ ਬੋਲਾਂ ਵਿਚ ਸੁੱਚਮ, ਨਿਮ੍ਰਤਾ, ਮਿਠਾਸ ਲਿਆਉਣ ਲਈ ਯਤਨਸ਼ੀਲ ਹੁੰਦਾ ਹੈ। ਨਾਮ ਦਾ ਨੇਮ ਨਿਭਾਉਂਦਾ ਤੇ ਕਰਮਾਂ ਸੁਕਰਮਾਂ ਵਿਚ ਢਾਲਦਾ ਆਸ ਕਰਦਾ ਕਿ 'ਕਰਤਾ ਪੁਰਖ' ਮੈਂ ਨਹੀਂ ਸਗੋਂ ਅਜਿਹੀ ਸ਼ਕਤੀ ਜਿਸਨੂੰ ਕਹਿਆ ਨਹੀਂ ਜਾ ਸਕਦਾ। ਜੀਵ ਆਤਮਾ- ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ॥ (ਜਪੁ, ਅੰਗ-2)25 ਨੂੰ ਤਨਦੇਹੀ ਤੇ ਨੇਮ ਨਾਲ ਨਿਭਾਉਣ ਲਈ ਤਿਆਰ-ਬਰ-ਤਿਆਰ ਹੈ।

## 2. ਗਿਆਨ-ਖੰਡ

ਗਿਆਨ ਖੰਡ ਕਾ ਆਖਹੁ ਕਰਮੁ॥
... ...
ਗਿਆਨ ਖੰਡ ਮਹਿ ਗਿਆਨੁ ਪਰਚੰਡੁ॥
ਤਿਥੈ ਨਾਦ ਬਿਨੋਦ ਕੋਡ ਅਨੰਦੁ॥
(ਗੁਰੂ ਗ੍ਰੰਥ ਸਾਹਿਬ ਜਪੁ, ਅੰਗ-7)[26]

ਗਿਆਨ ਖੰਡ ਵਿਚ ਸੰਪੂਰਨ ਗਿਆਨ ਦੀ ਪਰਪੱਕਤਾ ਹੁੰਦੀ ਹੈ। ਇਹ ਪਰਪੱਕਤਾ ਬੌਧਿਕਤਾ ਨਾਲ ਨਹੀਂ ਸਗੋਂ ਅੰਤਰ-ਦ੍ਰਿਸ਼ਟੀ ਰਾਹੀਂ ਪ੍ਰਾਪਤ ਹੁੰਦੀ ਹੈ। ਇਹ ਅਨੁਭਵੀ ਗਿਆਨ ਹੈ। ਜਿਸ ਸ੍ਰਿਸ਼ਟੀ ਨੂੰ ਮਨੁੱਖੀ ਜੀਵਨ ਮਾਣਦਾ, ਦੇਖਦਾ, ਭੋਗਤਾ ਹੈ ਉਸ ਵਿਚ ਕਿੰਨੀ ਤਰ੍ਹਾਂ ਦੀ ਹਵਾ, ਅੱਗ, ਪਾਣੀ ਅਤੇ ਕਿੰਨੀਆਂ ਧਰਤੀਆਂ, ਕਿੰਨੀਆਂ ਦੈਵੀ ਸ਼ਕਤੀਆਂ, ਮਹਾਨ ਆਤਮਾਵਾਂ ਰਾਜ ਸ਼ਕਤੀਆਂ, ਆਰਥਿਕ ਸ਼ਕਤੀਆਂ, ਮਾਨਸਿਕ ਸ਼ਕਤੀਆਂ, ਬੌਧਿਕ ਸ਼ਕਤੀਆਂ, ਭੌਤਿਕ ਸ਼ਕਤੀਆਂ ਦੇ ਨਾਲ ਬੇਅੰਤ ਬਾਣੀ ਬੋਲੀਆਂ ਹਨ।

ਇਹ ਵਾਹਿਗੁਰੂ ਦੀ ਬੇਅੰਤਤਾ ਦੇ ਰੂਬਰੂ ਹੋਇਆ ਜੋ ਅਸਚਰਜ ਭਾਵ ਉਤਪੰਨ ਹੁੰਦੇ ਹਨ ਉਨ੍ਹਾਂ ਦਾ ਹੀ ਵਰਣਨ ਹੈ।

## 3. ਸਰਮ ਖੰਡ

ਸਰਮ ਖੰਡ ਦੀ ਬਾਣੀ ਰੂਪੁ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
(ਗੁਰੂ ਗ੍ਰੰਥ ਸਾਹਿਬ ਜੁਪਜੀ-ਅੰਗ-7)[27]

ਇਹ ਪਉੜੀ ਸੰਖੇਪ ਵਿਚ ਹੈ। ਇਥੇ ਗੁਰੂ ਨਾਨਕ ਦੇਵ ਜੀ ਰੂਪ ਨੂੰ ਸਮਝਾਉਂਦੇ ਹਨ ਕਿ ਰੂਪ ਪੈਦਾ ਨਹੀਂ ਹੁੰਦੀ ਇਹ ਘੜਿਆ ਜਾਂਦਾ ਹੈ। ਇਸ ਰੂਪ ਦੀ ਘਾੜਤ ਧਰਮ ਤੇ ਗਿਆਨ ਦੁਆਰਾ ਹੁੰਦੀ ਹੈ। ਇਸ ਘਾੜਤ ਦਾ ਕੋਈ ਅੰਤ ਨਹੀਂ ਇਹ ਇਕਾਗਰਤਾ ਵਿਚ ਆਪਣੇ ਆਪ ਨੂੰ ਜਾਹਰ ਕਰਦੀ ਹੈ ਤੇ ਸੁਰਤਿ, ਮਤਿ, ਮਨ, ਬੁਧਿ

ਘਾੜਤ ਨਵੇਂ ਸਿਰਿਉਂ ਹੁੰਦੀ ਹੈ। ਇਸ ਅਵਸਥਾ ਵਿਚ ਪਹੁੰਚਿਆ ਸਾਧਕ ਪਰਮ ਹਕੀਕਤ ਦੀ ਸੁੰਦਰਤਾ ਨੂੰ ਮਾਣਦਾ ਹੈ। ਸਰਮ ਖੰਡ ਵਿਚ ਸਾਧਕ ਸ਼ਖ਼ਸੀਅਤਾਂ ਨੂੰ ਸਚਿਆਰ ਬਣਾਉਣ ਵਿਚ ਸਹਾਈ ਹੁੰਦਾ ਹੈ। ਇਥੇ ਸਾਧਕ ਉਦਮੀ ਤੇ ਉਤਸ਼ਾਹ ਭਰਪੂਰ ਰਹਿੰਦਾ ਹੈ।

## 4. ਕਰਮ ਖੰਡ

ਸਰਮ ਖੰਡ ਤੋਂ ਸਾਧਕ ਮਨੁੱਖੀ ਪੂਰਨਤਾ ਪ੍ਰਾਪਤ ਕਰਦਾ ਹੈ। ਇਸ ਖੰਡ ਵਿਚ ਸਭ ਤੋਂ ਮਹੱਤਵਪੂਰਨ ਪੱਖ ਰੱਬੀ ਹੋਂਦ ਦਾ ਸਾਧਕ ਦੀ ਚੇਤਨਾ ਵਿਚ ਪ੍ਰਧਾਨ ਹੋਣਾ ਹੈ। ਇਸ ਅਵਸਥਾ ਵਿਚ ਉਸ ਦਾ ਆਚਰਨ ਬਹੁਤ ਬਲਵਾਨ ਹੋ ਚੁੱਕਾ ਹੁੰਦਾ ਹੈ। ਰੂਹਾਨੀ ਸ਼ਕਤੀ ਉਸ ਦੀ ਚੇਤਨਾ ਵਿਚ ਹਰ ਸਮੇਂ ਸੋਚਣੀ ਰਹਿੰਦੀ ਹੈ। ਮਨੁੱਖੀ ਮਨ ਨੈਤਿਕ ਗੁਣਾਂ ਨੂੰ ਸੰਪੂਰਨ ਰੂਪ ਵਿਚ ਧਾਰਨ ਕਰ ਚੁਕਾ ਹੁੰਦਾ ਹੈ।

## 5. ਸੱਚ ਖੰਡ

ਸੱਚ ਖੰਡ ਵਿਚ ਆਕਾਰ ਰਹਿਤ (ਨਿਰ-ਆਕਾਰ) ਪਰਮਾਤਮਾ ਆਪ ਵੱਸਦਾ ਹੈ। ਇਸ ਖੰਡ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ। ਅਨੇਕਾਂ ਹੀ ਮਹਾਂਦੀਪ, ਮੰਡਲ ਤੇ ਬ੍ਰਹਿਮੰਡ ਹਨ। ਅਨੇਕਾਂ ਹੀ ਧਰਤੀਆਂ, ਅਨੇਕਾਂ ਹੀ ਪ੍ਰਕਾਰ ਆਕਾਰ ਵਾਲੇ ਜੀਵ ਹਨ। ਇਹ ਸਭ ਜਿਵੇਂ-ਜਿਵੇਂ ਹੁਕਮ ਹੁੰਦਾ ਹੈ ਉਵੇਂ-ਉਵੇਂ ਆਪਣੇ-ਆਪਣੇ ਕੰਮ-ਕਾਰਜ ਕਰਦੇ ਹਨ।

ਸੱਚ ਖੰਡ ਮਨੁੱਖ ਦੀ ਅਧਿਆਤਮਕ ਯਾਤਰਾ ਦਾ ਆਖਰੀ ਪੜਾਉ ਹੈ। ਮਨੁੱਖ ਨਿਰੰਕਾਰ, ਬ੍ਰਹਮ ਦੀ ਹਜ਼ੂਰੀ ਵਿਚ ਵਿਚਰਦਾ ਹੈ। ਇਹ ਨਿਰੋਲ ਸੂਖ਼ਮਤਾ ਦਾ ਮੰਡਲ ਹੈ, ਇਸ ਮੰਡਲ ਸੱਚ ਪ੍ਰਕਾਸ਼ਮਾਨ ਹੈ। ਇੱਥੇ ਨਿਰਗੁਣ ਤੇ ਸਰਗੁਣ ਇਕ ਹੋ ਜਾਂਦੇ ਹਨ। ਇੱਥੇ ਅਨੁਭਵ ਹੁੰਦਾ ਹੈ ਕਿ ਸਭ ਕੁਝ ਹੁਕਮ ਅਨੁਸਾਰ ਹੀ ਹੋ ਰਿਹਾ ਹੈ। ਇਸ ਦਾ ਕਥਨ ਸਖ਼ਤ ਫੌਲਾਦ (ਕਰੜਾ ਸਾਰ) ਚਬਾਉਣ ਦੇ ਬਰਾਬਰ ਹੈ।

ਸੱਚ ਖੰਡ ਵਿਚ ਕੇਵਲ ਨਿਰੰਕਾਰ ਹੈ। ਇਥੇ ਨਿਰੰਕਾਰ ਸਰਗੁਣ ਤੇ ਨਿਰਗੁਣ ਵਿਚ ਅਭੇਦ ਹਨ। ਸੱਚ ਖੰਡ ਉਚਤਮ ਅਧਿਆਤਮਕ ਅਵਸਥਾ ਦੀ ਬਾਤ ਹੈ ਇਸ ਨੂੰ ਕਥਨ ਵਿਚ ਲਿਆਉਣਾ ਸੰਭਵ ਨਹੀਂ।

ਨਾਨਕ ਕਥਨਾ ਕਰੜਾ ਸਾਰੁ॥
(ਗੁਰੂ ਗ੍ਰੰਥ ਸਾਹਿਬ ਜਪੁ, ਅੰਗ-8)[28]

ਜਿਨ੍ਹਾਂ ਵੀ ਜੀਵ ਆਤਮਾ ਨੇ ਨਾਮ ਦਾ ਜਾਪ ਕੀਤਾ ਉਨ੍ਹਾਂ ਦੀ ਮਿਹਨਤ-ਮੁਸ਼ੱਕਤ, ਘਾਲ-ਕਮਾਈ ਪ੍ਰਵਾਨ ਪਈ ਹੈ। ਉਹ ਮਾਲਕ ਦੀ ਦਰਗਾਹ ਵਿਚ ਉੱਜਲਾ ਮੁੱਖ ਲੈ ਕੇ ਗਏ ਹਨ। ਉਹ ਆਪ ਹੀ ਮੁਕਤ ਨਹੀਂ ਹੋਏ ਸਗੋਂ ਉਨ੍ਹਾਂ ਹੋਰ ਵੀ ਅਣਗਿਣਤ ਜੀਵ-ਆਤਮਾਵਾਂ ਨੂੰ ਮੁਕਤ ਕਰਾਇਆ ਹੈ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

International Journal of Research in Social Sciences
Vol. 8 Issue 4, April 2018,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਗੁਰੂ ਗ੍ਰੰਥ ਸਾਹਿਬ ਜਪੁ, ਅੰਗ-8)[29]

ਮਨੁੱਖੀ ਮਨ ਸੱਚ ਖੰਡ ਦੀ ਅਵਸਥਾ ਵਿਚ ਪਹੁੰਚ ਕੇ ਭਾਵ ਚੌਥੇ ਪਦ ਦੀ ਸ਼੍ਰੇਣੀ ਵਿਚ ਸਥਿਰ ਹੋ ਜਾਂਦਾ ਹੈ। ਆਤਮਾ ਤੇ ਬ੍ਰਹਮ ਦੀ ਅਭੇਦਤਾ ਇਕਸਾਰ ਹੋ ਜਾਂਦੀ ਹੈ। ਇੱਥੇ ਆਕੇ ਨੈਤਿਕਤਾ ਧਰਮ ਦੇ ਵਿਚ ਵਿਲੀਨ ਹੋ ਜਾਂਦੀ ਹੈ।

## ਹਵਾਲੇ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ:4, ਅੰਗ-1151
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-765
3. ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀ ਰਾਗ ਮ:1, ਅੰਗ-62
4. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਅੰਗ-1
5. ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਗੁਆਰੇਰੀ ਮ:5, ਅੰਗ-180
6. ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ:5, ਅੰਗ-741
7. ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ:3, ਅੰਗ-127
8. ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ:5, ਅੰਗ-1182
9. ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ:1, ਅੰਗ-661
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪਉੜੀ 21, ਜਪੁ
11. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ ਪਉੜੀ 18ਵੀਂ, ਅੰਗ-4
12. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਅੰਗ-6
13. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਅੰਗ-3
14. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਅੰਗ-2
15. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਅੰਗ-2
16. ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਸਾਰੰਗ ਮ:4, ਅੰਗ-1242
17. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਅੰਗ-3
18. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ

19. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਪਉੜੀ 34, ਅੰਗ-

20. ਡਾ. ਵਜ਼ੀਰ ਸਿੰਘ, ਗੁਰੂ ਨਾਨਕ ਸਿਧਾਂਤ, ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ, ਲੁਧਿਆਣਾ, 1969, ਪੰਨਾ : 59-59

21. ਡਾ. ਜਗਬੀਰ ਸਿੰਘ, ਬਾਣੀ ਸੰਸਾਰ, ਹਾਲ ਬਜ਼ਾਰ, ਅੰਮ੍ਰਿਤਸਰ, 1992, ਪੰਨਾ : 98

22. ਡਾ. ਵਜ਼ੀਰ ਸਿੰਘ, ਸਿੱਖ ਦਰਸ਼ਨ ਧਾਰਾ (ਭਾਗ ਦੂਜਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ : 27

23. ਡਾ. ਰਾਮ ਸਿੰਘ, ਜਪੁਜੀ ਪੰਜ ਖੰਡ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996,
ਪੰਨਾ : 1

24. ਡਾ. ਅਵਤਾਰ ਸਿੰਘ, ਐਥਿਕਸ ਆਫ ਦਿ ਸਿਖਜ਼ (ਅੰਗਰੇਜ਼ੀ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ : 26

25. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਅੰਗ-2

26. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਅੰਗ-7

27. ਗੁਰੂ ਗ੍ਰੰਥ ਸਾਹਿਬ ਜੁਪਜੀ-ਅੰਗ-7

28. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਅੰਗ-8

29. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਅੰਗ-8